# ਮਾਡਲ ਪੇਪਰ (ਪੰਜਾਬੀ)

## ਜਮਾਤ

**Time: 3 Hours** **M.Marks: 100**

**ਪ੍ਰਸ਼ਨ 1 (ੳ):- ਹੇਠਾਂ ਦਰਜ ਕਾਵਿ ਟੁਕੜੀਆਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।**

ਚੇਤੁ ਬਸੰਤੁ ਭਲਾ ਭਵਰ ਸੁਹਾਵੜੇ ॥
ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ ॥
ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ ਬਿਰਹਿ ਬਿਰੋਧ ਤਨੁ ਛੀਜੈ ॥
ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ ॥
ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ ॥
ਨਾਨਕ ਚੇਤਿ ਸਹਜਿ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ ॥5॥

**ਜਾਂ**

ਦਸ ਮਹੀਆਂ ਦਾ ਘਿਉ ਦਿੱਤਾ, ਬੱਕੀ ਦੇ ਢਿੱਡ ਪਾ ।
ਬੱਕੀ ਤੋਂ ਡਰਨ ਫ਼ਰਿਸ਼ਤੇ, ਮੈਥੋਂ ਡਰੇ ਖ਼ੁਦਾ ।
ਚੁੱਭੇ ਵਿੱਚ ਪਤਾਲ, ਉੱਡ ਕੇ ਚੜ੍ਹੇ ਅਕਾਸ਼ ।
ਚੜ੍ਹਨਾ ਆਪਣੇ ਸ਼ੌਕ ਨੂੰ, ਬੱਕੀ ਨੂੰ ਲਾਜ ਨਾ ਲਾ । 07

**ਪ੍ਰਸ਼ਨ 1 (ਅ):- ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ।**

ClassResult.in

1. ਮਿਰਜ਼ਾ ਕੌਣ ਸੀ ਤੇ ਉਹ ਕਿੱਥੋਂ ਦਾ ਰਹਿਣ ਵਾਲਾ ਸੀ ?
2. ਕੀ ਮਿਰਜ਼ਾ ਸਾਹਿਬਾਂ ਨਾਲ ਵਿਆਹ ਕਰਵਾਉਣ ਆਇਆ ਸੀ?ਜੇਕਰ ਨਹੀਂ ਤਾਂ ਉਹ ਉੱਥੇ ਕੀ ਕਰਨ ਆਇਆ ਸੀ?
3. ਮਿਰਜ਼ਾ ਆਪਣੇ ਪਿੰਡ ਪਹੁੰਚਣ ਤੋਂ ਪਹਿਲਾਂ ਰਸਤੇ ਵਿੱਚ ਕਿਉਂ ਰੁਕਿਆ ਸੀ ?
4. ਸਾਹਿਬਾਂ ਬਾਰ ਬਾਰ ਮਿਰਜ਼ੇ ਨੂੰ ਕਿਉਂ ਜਗਾ ਰਹੀ ਸੀ ? 08

**ਪ੍ਰਸ਼ਨ 2:**

**(ੳ) ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਪ੍ਰਸ਼ਨ ਲਿਖੋ।**

1. ਖੁਸ਼ਦਿਲ ਖਾਨ ਕੌਣ ਸੀ ਉਹ ਆਪਣੀ ਪਤਨੀ ਨੂੰ ਘਰ ਤੋਂ ਬਾਹਰ ਕਿਉਂ ਨਹੀਂ ਸੀ ਜਾਣ ਦਿੰਦਾ ?
2. ਤੂੜੀ ਦੀ ਪੰਡ ਕਹਾਣੀ ਕਿਸ ਨੇ ਲਿਖੀ ਹੈ? ਹਾਣੀ ਦੇ ਮੁੱਖ ਪਾਤਰ ਦੀ ਭੂਮਿਕਾ ਸਪੱਸ਼ਟ ਕਰੋ ।
3. ਰੁਕਣੀ ਪ੍ਰੀਤਾਂ ਦੀ ਪਹਿਰੇਦਾਰ ਕਿਉਂ ਬਣੀ?
4. ਲਾਜ ਨੂੰ 'ਬਾਗੀ ਦੀ ਧੀ' ਦਾ ਨਾਂ ਕਿਉਂ ਮਿਲਿਆ?
5. 'ਤਾਸ਼ ਦੀ ਆਦਤ' ਕਹਾਣੀ ਤੋਂ ਸਾਨੂੰ ਕੀ ਸਿਖਿਆ ਮਿਲਦੀ ਹੈ?
6. ਪਠਾਣ ਨੇ ਬੱਚੀ ਨੂੰ ਅਗਵਾ ਕਿਉਂ ਕੀਤਾ? ਦੋ ਪੰਕਤੀਆਂ ਵਿਚ ਸਪਸ਼ਟ ਕਰੋ।
7. 'ਦੇਸ਼ ਵਾਪਸੀ' ਕਹਾਣੀ ਵਿਚਲੇ ਪਾਤਰਾਂ ਦੀ ਮਾਨਸਿਕ ਸਥਿਤੀ ਸਪਸ਼ਟ ਕਰੋ।
8. 'ਕਰਾਮਾਤ' ਸ਼ਬਦ ਦਾ ਅਰਥ ਸਪਸ਼ਟ ਕਰੋ। 05x2=10

(ਅ) ਕਿਸੇ ਇਕ ਵਾਰਤਕ ਟੁਕੜੀ ਦੇ ਪ੍ਰਸ਼ਨਾਂ ਨੂੰ ਹੱਲ ਕਰੋ।

ਹਰ ਸਾਲ ਦੀ ਤਰ੍ਹਾਂ ਇਸ ਵਾਰ ਨੂੰ ਸਾਰੀਆਂ ਔਰਤਾ ਇਕੱਠੀਆਂ ਹੋ ਕੇ ਢੋਲ ਦੀ ਤਾਲ ਨਾਲ ਤਾਲ ਮਿਲਾਕੇ ਨੱਚ ਰਹੀਆਂ ਸਨ। ਸਾਰੀਆਂ ਖੁਸ਼ ਸਨ। ਪਰੰਤੂ ਗੁਲਬਾਨੋ ਹਰ ਵਾਰ ਦੀ ਤਰ੍ਹਾਂ, ਆਪਣੇ ਘਰ ਵਿਚ ਕੈਦ ਸੀ। ਮੁਹਲੇ ਦੀਆਂ ਸਾਰੀਆਂ ਔਰਤਾਂ ਗੁਲਬਾਨੋ ਦੇ ਘਰ ਇਕੱਠੀਆਂ ਹੋ ਕੇ ਆਈਆਂ। ਖੂਬ ਖੁਸ਼ੀਆਂ ਕੀਤੀਆਂ ਗੁਲਬਾਨੋ ਨੇ ਵੀ ਇਸ ਖੁਸ਼ੀ ਵਿਚ ਹਿੱਸਾ ਲਿਆ। ਉਸ ਦੇ ਪੈਰ ਆਪ ਮੁਹਾਰੇ ਨੱਚ ਰਹੇ ਸਨ। ਗੁਲਬਾਨੋ ਦੀ ਖੁਸ਼ੀ ਵਿਚ ਸਾਰੀਆਂ ਔਰਤਾਂ ਸ਼ਾਮਿਲ ਸਨ।

ਪ੍ਰਸ਼ਨ: 1. ਗਲੀ ਦੀਆਂ ਔਰਤਾ ਗੁਲਬਾਨੋ ਦੇ ਘਰ ਕਿਉਂ ਇਕੱਠੀਆਂ ਹੋਈਆਂ?

2. ਉਹ ਆਪਣੇ ਘਰ ਵਿਚ ਕੈਦ ਸੀ। ਇਸ ਵਾਕ ਦਾ ਅਰਥ ਸਪਸ਼ਟ ਕਰੋ।

3. 'ਪੈਰ ਧਰਤੀ ਤੇ ਨਾ ਲਗਣੇ' ਤੋਂ ਕੀ ਭਾਵ ਹੈ?

4. ਗੁਲਬਾਨੋ ਦੀ ਜਿੰਦਗੀ ਵਿਚ ਦੀ ਘਾਟ ਸੀ?

5. ਔਰਤਾਂ ਦੀ ਖੁਸ਼ੀ ਦਾ ਕੀ ਕਾਰਨ ਹੈ?

ਜਾਂ

ClassResult.in

ਹਰ ਐਤਰਵਾਰ ਅਸੀਂ ਬੀਜੀ ਨਾਲ ਪੰਜਾ ਸਾਹਿਬ ਮੱਥਾ ਟੇਕਣ ਜਾਂਦੇ। ਰਾਹ ਵਿਚ ਬੀਜੀ ਸਾਨੂੰ ਪੰਜਾ ਸਾਹਿਬ ਦੀ ਸਾਖੀ ਸੁਣਾਉਂਦੇ। ਮੈਂ ਤੇ ਮੇਰੀ ਭੈਣ ਜੋ ਉਮਰ ਵਿਚ ਮੇਰੇ ਤੋਂ ਛੋਟੀ ਸੀ। ਬੀਜੀ ਦੀ ਉਂਗਲ ਫੜੀ ਚਲਦੇ। ਸਾਰੀ ਸਾਖੀ ਸੁਣਦੇ ਪਰੰਤੂ ਜਦੋਂ ਪੰਜੇ ਨਾਲ ਪਹਾੜੀ ਨੂੰ ਰੋਕਣ ਦੀ ਗੱਲ ਆਉਂਦੀ ਤਾਂ ਮੈਂ ਵਿਚੋਂ ਬੋਲ ਪੈਂਦਾ, ਇਹ ਕਿਵੇਂ ਹੋ ਸਕਦਾ ਹੈ ਕਿ ਇਕ ਇਨਸਾਨ ਇਨੀ ਵੱਡੀ ਪਹਾੜੀ ਨੂੰ ਆਪਣੇ ਹੱਥ ਨਾਲ ਰੋਕ ਲਵੇ। ਮੇਰਾ ਬਾਲ ਮਨ ਇਸ ਗੱਲ ਨੂੰ ਕਦੀ ਵੀ ਤਿਆਰ ਨਹੀਂ ਸੀ ਹੁੰਦਾ। ਇਹ ਕਰਾਮਾਤ ਕਿਵੇਂ ਹੋ ਸਕਦੀ ਹੈ। ਮੈਂ ਹਮੇਸ਼ਾ ਸੋਚਦਾ ਸਾਰੀ ਸਾਖੀ ਤੇ ਮੇਰਾ ਮਨ ਟਿਕਿਆ ਰਹਿੰਦਾ ਪਰ ਇਥੇ ਪਹੁੰਚ ਕੇ ਮੈਂ ਇਸ ਗੱਲ ਤੇ ਸਹਿਮਤ ਨਾ ਹੁੰਦਾ।

ਪ੍ਰਸ਼ਨ: 1. ਇਹ ਪ੍ਰਸੰਗ ਕਿਸ ਕਹਾਣੀ ਵਿਚੋਂ ਲਿਆ ਗਿਆ ਹੈ?

2. ਕਹਾਣੀ ਸੁਣਦੇ ਸਮੇਂ ਪਾਤਰ ਕੀ ਸੋਚਣ ਲਗ ਪੈਂਦਾ?

3. 'ਕਰਾਮਾਤ'ਤੋਂ ਕਿ ਭਾਵ ਹੈ?

4. 'ਮਨ ਟਿਕਣਾ' ਦਾ ਅਰਥ ਲਿਖੋ?

5. ਪੰਜਾ ਸਾਹਿਬ ਦਾ ਸੰਬੰਧ ਕਿਸ ਨਾਲ ਹੈ? 05

**ਪ੍ਰਸ਼ਨ 3 (I):- ਕਿਸੇ ਇਕ ਪ੍ਰਸੰਗ ਦੇ ਪ੍ਰਸ਼ਨ ਹੱਲ ਕਰੋ।**

**(ੳ)** ਤੁਹਾਡੇ ਕੋਲ ਮੇਰੇ ਨਾਲ ਗੱਲ ਕਰਨ ਦਾ ਸਮਾਂ ਕਿੱਥੇ, ਜਦੋਂ ਘਰ ਹੋਵੋ ਕਿਤਾਬਾਂ ਫੜ ਕੇ ਪੜ੍ਹਨ ਬਹਿ ਜਾਂਦੇ ਹੋ।

**ਪ੍ਰਸ਼ਨ:**

1. ਪਾਤਰ ਨੂੰ ਗੱਲ ਕਰਨ ਦਾ ਸਮਾਂ ਕਿਉਂ ਨਹੀਂ ਮਿਲਦਾ?
2. ਇਸ ਪ੍ਰਸੰਗ ਵਿਚ ਕੋਣ ਸ਼ਿਕਾਇਤ ਕਰ ਰਿਹਾ ਹੈ?
3. ਇਹ ਪ੍ਰਸੰਗ ਕਿਹੜੇ ਇਕਾਂਗੀ ਚੋਂ ਲਿਆ ਗਿਆ ਹੈ?
4. ਸਮਾਂ ਸ਼ਬਦ ਨੂੰ ਲੈਕੇ ਇਕ ਵਾਕ ਬਣਾਓ।
5. ਪਾਤਰ ਨੂੰ ਕਿਸ ਚੀਜ ਦੀ ਆਦਤ ਹੈ?

**(ਅ)** ਮੈਨੂੰ ਨਹੀਂ ਪਤਾ, ਮੈਨੂੰ ਚਾਵਲਾਂ ਲਈ ਦੋ ਰੁਪਏ ਚਾਹੀਦੇ ਹਨ।ਮੈਂ ਭਾਈ ਨੂੰ ਕਹਿ ਕੇ ਆਈ ਹਾਂ। ਜੇਕਰ ਉਸ ਤੋਂ ਚਾਵਲ ਨਾ ਲਏ ਤਾਂ ਮੁਹੱਲੇ ਦੀਆਂ ਔਰਤਾਂ ਕੀ ਸੋਚਣਗੀਆਂ। ਮੈਂ ਹੀ ਉਨ੍ਹਾਂ ਨੂੰ ਕਿਹਾ ਸੀ, ਜਦੋਂ ਭਾਈ ਆਵੇ ਮੈਨੂੰ ਬੁਲਾਉਣਾ।

**ਪ੍ਰਸ਼ਨ:**

1. ਇਸ ਪ੍ਰਸੰਗ ਵਿਚ ਪਾਤਰ ਦੀ ਕਿਹੜੀ ਪ੍ਰਸਥਿਤੀ ਸਪਸ਼ਟ ਹੁੰਦੀ ਹੈ?
2. ਇਹ ਪ੍ਰਸੰਗ ਕਿਸ ਇਕਾਂਗੀ ਨਾਲ ਸੰਬੰਧਤ ਹੈ?
3. 'ਮੈਨੂੰ ਨਹੀ ਪਤਾ' ਕੋਣ ਕਿਸ ਨੂੰ ਕਹਿ ਰਿਹਾ ਹੈ ?
4. ਮੁਹੱਲੇ ਦੀਆਂ ਔਰਤਾਂ ਗੱਲਾਂ ਕਿਉਂ ਕਰਨਗੀਆਂ।
5. ਦੋ ਰੁਪਏ ਦੀ ਮੰਗ ਕਿਉਂ ਕੀਤੀ ਜਾ ਰਹੀ ਹੈ? 05

ClassResult.in

**3 (II) ਕਿਸੇ ਇੱਕ ਪਾਤਰ ਦੀ ਪਾਤਰ ਉਸਾਰੀ ਕਰੋ**

ਸੁਸ਼ਮਾ, ਦੇਵ ਜਾਂ ਕਰਮਾਂ 07

**ਪ੍ਰਸ਼ਨ 4:**

**I (ੳ) ਹੇਠਾਂ ਦਰਜ ਕਵਿਤਾਵਾਂ ਵਿੱਚੋਂ ਕਿਸੇ ਇੱਕ ਕਵਿਤਾ ਦਾ ਸਾਰ ਲਿਖੋ**

ਕਰਨਾਲ ਦੀ ਲੜਾਈ, ਸੱਸੀ ਦਾ ਥਲਾਂ ਵਿੱਚ ਆਖ਼ਰੀ ਵਕਤ,
ਖੁਰਾਸਾਨ ਖਸਮਾਨਾ ਕੀਆ 04

**I (ਅ) ਕਿਸੇ ਇੱਕ ਇਕਾਂਗੀ ਦਾ ਵਿਸ਼ਾ ਲਿਖੋ**

ਇੱਕ ਐਤਵਾਰ, ਮਨ ਦੀਆਂ ਮਨ ਵਿੱਚ, ਅਪਮਾਨ 04

II ਕਿਸੇ ਇੱਕ ਵਿਸ਼ੇ 'ਤੇ ਲੇਖ ਲਿਖੋ

1. ਪ੍ਰਦੂਸ਼ਣ ਦੀ ਸਮੱਸਿਆ
2. ਬੇਰੁਜ਼ਗਾਰੀ
3. ਮੇਰਾ ਮਨਪਸੰਦ ਅਧਿਆਪਕ । 10

III ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇੱਕ 'ਤੇ ਪੱਤਰ ਜਾਂ ਅਰਜੀ ਲਿਖੋ

1. ਮੁੱਖ ਅਧਿਆਪਕ ਨੂੰ ਬਿਮਾਰੀ ਕਾਰਨ ਛੁੱਟੀ ਲਈ ਅਰਜ਼ੀ ਲਿਖੋ
2. ਚਾਚਾ ਜੀ ਨੂੰ ਧੰਨਵਾਦ ਲਈ ਪੱਤਰ ਲਿਖੋ 08

IV ਹੇਠ ਲਿਖੇ ਕੋਈ ਸੱਤ ਮੁਹਾਵਰੇ ਲਿਖ ਕੇ ਵਾਕਾਂ ਵਿੱਚ ਵਰਤੋ।

ਨੱਕ ਵੱਢਣਾ, ਬਾਲ ਬਾਲ ਬਚਨਾ, ਦਾਲ ਨਾ ਗਲਨੀ,
ਕਬਰ ਵਿੱਚ ਪੈਰ ਹੋਣੇ, ਜਫ਼ਰ ਜਾਲਣੇ, ਥਾਪੀ ਦੇਣੀ,
ਪੈਰ ਛੁਡਾਉਣੇ, ਅੱਖਾਂ ਦੱਸਣੀਆਂ, ਈਦ ਦਾ ਚੰਨ ਹੋਣਾ। 07

V ਵਿਰੋਧਾਰਥਕ ਸ਼ਬਦ ਲਿਖੋ ਕੋਈ ਸੱਤ

ਮੋਟਾ, ਮਿਹਨਤੀ, ਸਿਆਣਾ, ਕਾਲਾ, ਦੇਵਤਾ, ਵਾਕ, ਉਲਟਾ,
ਸਵੇਰ, ਅੱਜ, ਪਾਲਤੂ 07

ClassResult.in

VI ਅਗੇਤਰ ਤੇ ਪਿਛੇਤਰ ਲਿਖੋ (ਕੋਈ ਤਿੰਨ ਤਿੰਨ)

ੳ) ਅਗੇਤਰ ਲਗਾਓ: ਰਾਵਲ____, ਵਾਰ___, ਅਦ___, ਪਾਠ___, ਅੱਧ____

ਅ) ਪਿਛੇਤਰ ਲਗਾਓ: ___ਵਾਰ,___ਬਾਗ,___ਨਾਮ,___ਬਾਨੋ,___ਮਾਤ 06

VII. ਬਹੁਅਰਥਕ ਸ਼ਬਦ ਲਿਖੋ (ਕਿਸੇ ਛੇ ਦੇ ਦੋ ਦੋ ਰੂਪ ਲਿਖੋ)

ਜਲ, ਅਧਿਆਪਕ, ਆਕਾਸ਼, ਫੁੱਲ, ਬੱਚਾ, ਬੁੱਢਾ, ਕਾਲਾ, ਔਰਤ 06

VIII. ਹੇਠ ਲਿਖੇ ਚੋਂ ਕਿਸੇ ਛੇ ਸ਼ਬਦਾਂ ਦੇ ਭਿੰਨਆਰਥਕ ਰੂਪ ਲਿਖੋ

ਕਾਰ, ਜੱਗ, ਨੱਕ, ਗਲਾ, ਪੱਤਾ, ਹਾਰ, ਉੱਚਾ 06